# ਬਾਦਲ ਦਲ ਦਾ ਯੂਥ ਵਿੰਗ ਜਾਂ ਫਿਰ ਜੂਠ ਵਿੰਗ ਜਿਸ ਨੂੰ....

# ਨਾਮ ਦੀ ਨਹੀਂ, ਸਗੋਂ ਭੁੱਕੀ ਦੀ ਖ਼ੁਮਾਰੀ ਚੜ੍ਹਦੀ ਹੈ !



**ਬਠਿੰਡਾ**, 15 **ਜੂਨ** (**ਕਿਰਪਾਲ ਸਿੰਘ**): 14 ਜੂਨ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਤਰਨ ਤਾਰਨ ਸਾਹਿਬ ਲਈ ਕੱਢੇ ਗਏ ਨਗਰ ਕੀਰਤਨ ਵਿਚ ਯੂਥ ਵਿੰਗ ਬਾਦਲ ਦੇ ਬੈਨਰਾਂ ਹੇਠ ਗੱਡੀਆਂ ਵਿਚ ਸਵਾਰ 80 ਫ਼ੀ ਸਦੀ ਤੋਂ ਜ਼ਿਆਦਾ ਘੋਨੇ-ਮੋਨੇ ਵਿਅਕਤੀ ਸ਼ਾਮਲ ਸਨ, ਜਦ ਕਿ ਇਸ ਨਗਰ ਕੀਰਤਨ ਵਿਚ ਸ਼ਾਮਲ ਇਨ੍ਹਾਂ ਆਗੂਆਂ ਨੇ ਬਠਿੰਡੇ ਪਹੁੰਚਦੇ-ਪਹੁੰਚਦੇ ਅਪਣੇ ਰੰਗ ਦਿਖਾਉਣੇ ਸ਼ੁਰੂ ਕਰ ਦਿਤੇ। ਪੱਤਰਕਾਰਾਂ ਨੇ ਸਿਰਾਂ 'ਤੇ ਪੀਲੇ ਅਤੇ ਨੀਲੇ ਪਟਕੇ ਬੰਨ੍ਹੇ ਵਿਅਕਤੀਆਂ ਨੂੰ ਤਲੀਆਂ 'ਤੇ ਜ਼ਰਦਾ ਮਲ ਕੇ ਮੂੰਹ ਵਿਚ ਪਾਉਂਦੇ ਵੇਖਿਆ। ਯੂਥ ਵਿੰਗ ਦੇ ਇਨ੍ਹਾਂ ਵਰਕਰਾਂ ਨੇ ਰਸਤੇ ਵਿਚ ਆਉਂਦੇ ਠੇਕਿਆਂ 'ਤੇ ਰੁਕ ਕੇ ਬੀਅਰ ਅਤੇ ਦਾਰੂ ਦੀਆਂ ਬੋਤਲਾਂ ਖ਼ਰੀਦੀਆਂ ਅਤੇ ਬਿਨਾਂ ਕਿਸੇ ਲੁਕ-ਲੁਕਾਅ ਦੇ ਇਨ੍ਹਾਂ ਨੇ ਭੁੱਕੀ ਸ਼ਰੇਆਮ ਇਕ ਦੂਜੇ ਨੂੰ ਵੰਡੀ। ਇਸ ਸਾਰੇ ਵਰਤਾਰੇ ਤੋਂ ਦੁਖੀ ਕੁੱਝ ਬਜ਼ੁਰਗ ਟਕਸਾਲੀ ਅਕਾਲੀ ਵਰਕਰਾਂ ਨੇ ਪੱਤਰਕਾਰਾਂ ਨੂੰ ਇਨ੍ਹਾਂ ਯੂਥ ਵਿੰਗ ਦੇ ਵਰਕਰਾਂ ਦੀਆਂ ਫ਼ੋਟੋਆਂ ਖਿੱਚਣ ਦੀ ਬੇਨਤੀ ਕੀਤੀ।



ਕੁੱਝ ਟਕਸਾਲੀ ਆਗੂਆਂ ਨੇ ਵਿਚੋਂ ਹੀ ਟੋਕਦੇ ਕਿਹਾ ਕਿ ਇਨ੍ਹਾਂ ਨਸ਼ੇੜੀਆਂ ਨੂੰ ਯੂਥ ਵਿੰਗ ਨਾ ਸਗੋਂ ਜੂਠ ਵਿੰਗ ਆਖੋ। ਇਕ ਦੂਸਰੇ ਗੁਰਸਿੱਖ ਨੇ ਦੁਖੀ ਮਨ ਨਾਲ ਕਿਹਾ ਕਿ ਜੇਕਰ ਸਿੱਖੀ ਵਿਚ ਵਧ ਰਹੇ ਇਸ ਨਸ਼ਿਆਂ ਦੇ ਰੁਝਾਨ 'ਤੇ ਕਾਬੂ ਨਾ ਪਾਇਆ ਤਾਂ ਇਹ ਸ਼ਤਾਬਦੀ ਅੰਤਮ ਸ਼ਤਾਬਦੀ ਹੋਵੇਗੀ। ਨਗਰ ਕੀਰਤਨ ਵਿਚ ਸ਼ਾਮਲ ਗੱਡੀਆਂ 'ਤੇ ਲੱਗੇ ਬੈਨਰਾਂ ਤੋਂ ਹੀ ਪਤਾ ਚਲਦਾ ਸੀ ਕਿ ਇਹ ਕਿਸ ਦਲ ਦੀ ਗੱਡੀ ਹੈ ਕਿਉਂਕਿ ਗੱਡੀਆਂ ਵਿਚ ਜ਼ਿਆਦਾਤਰ ਭਈਏ ਅਤੇ ਘੋਨੇ-ਮੋਨੇ ਸਵਾਰ ਸਨ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੁੱਖ ਸੇਵਾਦਰ

ਗਿਆਨੀ ਬਲਵੰਤ ਸਿੰਘ ਨੰਦਗੜ੍ਹ ਵੀ ਬਾਦਲ ਦਲ ਅੱਗੇ ਝੁਕਦੇ ਨਜ਼ਰ ਆਏ, ਜਦੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਨਗਰ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਸ਼ਰਨਜੀਤ ਸਿੰਘ ਢਿੱਲੋਂ ਪ੍ਰਧਾਨ ਯੂਥ ਅਕਾਲੀ ਦਲ ਬਾਦਲ ਅਤੇ ਸ. ਗੁਰਚਰਨ ਸਿੰਘ ਗਰੇਵਾਲ ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਮਹਿਤਾ) ਨੂੰ ਸਿਰੋਪੇ ਪ੍ਰਦਾਨ ਕੀਤੇ, ਜਦ ਕਿ ਇਨ੍ਹਾਂ ਦੋਵੇਂ ਆਗੂਆਂ ਨੇ



ਦਾੜ੍ਹੀਆਂ ਰੰਗੀਆਂ ਹੋਈਆਂ ਸਨ ਅਤੇ ਸਿੱਖ ਰਹਿਤ ਮਰਿਆਦਾ ਅਨੁਸਾਰ ਦਾੜ੍ਹੀਆਂ ਰੰਗਣਾ ਮਨ੍ਹਾ ਹੈ।

ਸ਼੍ਰੋਮਣੀ ਕਮੇਟੀ ਵਲੋਂ ਲਾਲ ਬੱਤੀ ਵਾਲੀ ਏਅਰ ਕੰਡੀਸ਼ਨ ਟਵੇਰਾ ਗੱਡੀ, ਜੋ ਕਿ ਤਖ਼ਤਾਂ ਦੇ ਮੁੱਖ ਸੇਵਾਦਾਰਾਂ ਲਈ ਦਿਤੀ ਗਈ ਹੈ, ਵਿਚ ਵੀ ਅਕਾਲੀ ਆਗੂ ਹੀ ਸਵਾਰ ਨਜ਼ਰ ਆਏ ਜਿਸ ਤੋਂ ਇਹ ਸਾਫ਼ ਜ਼ਾਹਰ ਹੁੰਦਾ ਸੀ ਕਿ ਮੁੱਖ ਸੇਵਾਦਰ ਕਿਸੇ ਇਕ ਸਿਆਸੀ ਧੜੇ ਦੇ ਪੱਖ ਵਿਚ ਭੁਗਤ ਰਹੇ ਹਨ।

ਇਕ ਗੁਰਸਿੱਖ ਨੇ ਇਸ ਮੌਕੇ ਟਿੱਪਣੀ ਕੀਤੀ ਕਿ ਸ਼ਹੀਦੀ ਦਿਹਾੜੇ ਮਨਾਉਣ ਦਾ ਮਨੋਰਥ ਹੈ ਕਿ ਸ਼ਹੀਦਾਂ ਵਲੋਂ ਦਿਤੀ ਗਈ ਸ਼ਹਾਦਤ ਦੇ ਕਾਰਨ ਅਤੇ ਉਦੇਸ਼ਾਂ ’ਤੇ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ ਨਾ ਕਿ ਢੋਲ ਢਮੱਕੇ ਦੀ ਲੈਅ ’ਤੇ ਭੰਗੜੇ ਪਾ ਕੇ ਸਿੱਖ ਕੌਮ ਅਤੇ ਸ਼ਹੀਦਾਂ ਦਾ ਮਜ਼ਾਕ ਉਡਾਉਣਾ ਚਾਹੀਦਾ ਹੈ। ਇਕ ਹੈਰਾਨੀਜਨਕ ਗੱਲ ਇਹ ਵੀ ਰਹੀ ਕਿ ਜਿਸ ਗੁਰੂ ਸਾਹਿਬ ਨੇ ਤੱਤੀ ਤਵੀ ’ਤੇ ਬੈਠ ਕੇ ਸਿਰ ਵਿਚ ਤੱਤੀ ਰੇਤ ਪੁਆ ਕੇ ਸ਼ਹੀਦੀ ਦਿਤੀ, ਉਸ ਦੀ ਯਾਦ ਵਿਚ ਕੱਢੇ ਜਾ ਰਹੇ ਨਗਰ ਕੀਰਤਨ ਵਿਚ ਅਖੌਤੀ ਪੰਥਕ ਆਗੂ ਏਅਰ ਕੰਡੀਸ਼ਨ ਗੱਡੀਆਂ ਵਿਚ ਸਫ਼ਰ ਕਰ ਰਹੇ ਸਨ। ਇਹ ਸਿਆਸੀ ਆਗੂ ਤਾਂ ਅਪਣੀਆਂ ਗੱਡੀਆਂ ’ਤੇ ਅਪਣੇ ਸਿਆਸੀ ਦਲਾਂ ਦੇ ਪੋਸਟਰ ਚਿਪਕਾ ਕੇ ਚੋਣ ਪ੍ਰਚਾਰ ਕਰ ਰਹੇ ਜਾਪਦੇ ਸਨ।